ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 02/07/2020/ਐਸ.1/ਪਾਰਟ ਫਾਈਲ/81 ਮਿਤੀ: 22/04/2020

**ਹੁਕਮ**

ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਮ ਕਾਰਨ ਚਿੰਤਿਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਮ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਨਿਪਟਣ ਲਈ ਸਾਰੇ ਜ਼ਰੂਰੀ ਉਪਾਅ ਲੈਣ ਲਈ ਸਮੇਂ-ਸਮੇਂ ਤੇ ਸਾਰੇ ਅਧਿਕਾਰਿਆਂ ਨੂੰ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ;

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਵੱਲੋਂ ਹੁਕਮ ਸੰਖਿਆ 122-ਏ ਮਿਤੀ 29-03-2020 ਜਾਰੀ ਕੀਤਾ ਗਿਆ ਹੈ, ਜਿਸ ਵਿਚ ਹੋਰ ਗੱਲਾਂ ਦੇ ਨਾਲ-ਨਾਲ, ਪੈਰਾ 10 ਅਤੇ 11 ਵਿਚ ਵੀ ਨਿਰਦੇਸ਼ ਦਿੱਤੇ ਹਨ ਕਿ (i) ਜਿੱਥੇ ਵੀ ਪ੍ਰਵਾਸੀਆਂ ਸਮੇਤ ਕਾਮੇ ਕਿਰਾਏ ਦੇ ਘਰਾਂ ਵਿਚ ਰਹਿ ਰਹੇ ਹਨ, ਉਨ੍ਹਾਂ ਸੰਪਤੀਆਂ ਦੇ ਮਕਾਨ-ਮਾਲਕ ਇਕ ਮਹੀਨੇ ਦੀ ਮਿਆਦ ਲਈ ਕਿਰਾਏ ਦੇ ਭੁਗਤਾਨ ਦੀ ਮੰਗ ਨਹੀਂ ਕਰਨਗੇ, ਅਤੇ (ii) ਜੇ ਕੋਈ ਮਕਾਨ ਮਾਲਿਕ ਮਜ਼ਦੂਰਾਂ ਅਤੇ ਵਿਦਿਆਰਥੀਆਂ ਨੂੰ ਆਪਣੀ ਜਗ੍ਹਾ ਖਾਲੀ ਕਰਨ ਲਈ ਮਜਬੂਰ ਕਰ ਰਿਹਾ ਹੈ ਤਾਂ ਉਹ ਆਫਤ ਪ੍ਰਬੰਧਨ ਐਕਟ, 2005 ਅਧੀਨ ਕਾਰਵਾਈ ਲਈ ਜਵਾਬਦੇਹ ਹੋਵੇਗਾ।

ਅਤੇ ਜਦੋਂ ਕਿ, ਮਕਾਨ ਮਾਲਕਾਂ ਵੱਲੋਂ ਕਿਰਾਏ ਦੇ ਭੁਗਤਾਨ ਲਈ ਵਿਦਿਆਰਥੀਆਂ ਉੱਤੇ ਦਬਾਅ ਪਾਉਣ ਜਾਂ ਮਕਾਨ ਤੋਂ ਕੱਢਣ ਸੰਬੰਧੀ ਘਟਨਾਵਾਂ ਨੂੰ ਸਰਕਾਰ ਦੇ ਧਿਆਨ ਲਈ ਲਿਆਇਆ ਗਿਆ ਹੈ।

ਹੁਣ, ਇਸ ਲਈ ਆਫਤ ਪ੍ਰਬੰਧਨ ਐਕਟ, 2005 ਦੀ ਧਾਰਾ 22 ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਜ ਕਾਰਜਕਾਰੀ ਸਮਿਤੀ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ ਦੇ ਚੇਅਰਪਰਸਨ ਵਜੋਂ ਨਿਮਨ ਹਸਤਾਖਰੀ ਵੱਲੋਂ, ਇਸ ਦੁਆਰਾ ਉਪਰੋਕਤ ਹੁਕਮ ਨੰ. 122-ਏ ਦੇ ਪੈਰਾ 10 ਅਤੇ 11 ਵਿਖੇ ਦਿੱਤੇ ਗਏ ਨਿਰਦੇਸ਼ਾਂ ਦੀ ਸਖ਼ਤ ਪਾਲਣਾ ਕਰਨ ਦਾ ਹੁਕਮ ਦਿੱਤਾ ਹੈ। ਜ਼ਿਲਾ ਮੈਜਿਸਟ੍ਰੇਟ ਵਿਸ਼ੇਸ਼ ਤੌਰ ਤੇ ਕਾਮਿਆਂ/ਪ੍ਰਵਾਸੀ ਕਾਮੇ/ ਵਿਦਿਆਰਥੀਆਂ ਦੀ ਸੰਘਵੀਂ ਆਬਾਦੀ ਵਾਲੇ ਖੇਤਰਾਂ ਵਿਖੇ ਇਸ ਮੁੱਦੇ 'ਤੇ ਜਾਗਰੂਕਤਾ ਮੁਹਿੰਮ ਚਲਾਉਣਗੇ, ਅਤੇ ਪ੍ਰਭਾਵਿਤ ਵਿਅਕਤੀਆਂ ਨੂੰ ਪੁਲਿਸ ਕੰਟਰੋਲ ਰੂਮ ਵਿਚ '100' ਨੰਬਰ ਤੇ ਕਾਲ ਕਰਕੇ ਸ਼ਿਕਾਇਤਾਂ ਕਰਜ ਕਰਾਉਣ ਦੀ ਸਲਾਹ ਦੇਣਗੇ। ਜ਼ਿਲਾ ਡਿਪਟੀ ਪੁਲਿਸ ਕਮਿਸ਼ਨਰ ਮਿਤੀ 27-04-2020 ਤੋਂ ਸ਼ੁਰੂ ਹੋਣ ਵਾਲੇ ਹਰੇਕ ਸੋਮਵਾਰ ਨੂੰ ਹਮਰੁਤਬਾ ਜ਼ਿਲਾ ਮੈਜਿਸਟ੍ਰੇਟ ਨੂੰ ਇਸ ਤਰ੍ਹਾਂ ਦੀ ਸ਼ਿਕਾਇਤਾਂ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਬਾਰੇ ਹਫਤਾਵਾਰੀ ਰਿਪੋਰਟ ਪੇਸ਼ ਕਰਨਗੇ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਸੇਵਾ ਵਿਖੇ,

1. ਵਿਸ਼ੇਸ਼ ਪੁਲਿਸ ਕਮਿਸ਼ਨਰ (ਕਾਰਜ), ਦਿੱਲੀ।
2. ਸਾਰੇ ਗਿਆਰਾਂ ਜ਼ਿਲ੍ਹਾ ਮਜਿਸਟ੍ਰੇਟ, ਦਿੱਲੀ।
3. ਸਾਰੇ ਗਿਆਰਾਂ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ।

ਜਾਣਕਾਰੀ ਲਈ ਨਕਲ:

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।
2. ਮਾਣਯੋਗ ਮੁੱਖਮੰਤਰੀ, ਦਿੱਲੀ ਦੇ ਵਧੀਕ ਸਕੱਤਰ।
3. ਮਾਣਯੋਗ ਉਪ-ਮੁੱਖਮੰਤਰੀ ਦਿੱਲੀ ਦੇ ਸਕੱਤਰ।
4. ਮਾਣਯੋਗ ਮੰਤਰੀ (ਰੇਵੇਨਿਯੂ), ਦਿੱਲੀ ਦੇ ਸਕੱਤਰ।
5. ਵਧੀਕ ਮੁੱਖ ਸਕੱਤਰ (ਗ੍ਰਹਿ), ਦਿੱਲੀ ਸਰਕਾਰ।
6. ਪੁਲਿਸ ਕਮਿਸ਼ਨਰ, ਦਿੱਲੀ।
7. ਪ੍ਰਮੁੱਖ ਸਕੱਤਰ, ਸੂਚਨਾ ਅਤੇ ਪ੍ਰਚਾਰ ਡਾਇਰੈਕਟੋਰੇਟ, ਦਿੱਲੀ ਸਰਕਾਰ ਨੂੰ ਵਿਆਪਕ ਪ੍ਰਚਾਰ ਲਈ
8. ਪ੍ਰਮੁੱਖ ਸਕੱਤਰ, (ਰੇਵੇਨਿਯੂ)-ਅਤੇ-ਡਵੀਜ਼ਨਲ ਕਮਿਸ਼ਨਰ, ਦਿੱਲੀ ਸਰਕਾਰ।
9. ਐਸ.ਆਈ.ਓ., ਐਨ.ਆਈ.ਸੀ. ਨੂੰ ਦਿੱਲੀ ਸਰਕਾਰ ਦੀ ਵੈਬਸਾਈਟ ਤੇ ਅਪਲੋਡ ਕਰਨ ਲਈ।
10. ਗਾਰਡ ਫਾਈਲ।